ਤੁਹਾਡੇ ਇਲਾਕੇ ਦੀ ਬੈਂਕ ਦਾ ਏ.ਟੀ.ਐੱਮ ਅਕਸਰ ਖ਼ਰਾਬ ਰਹਿੰਦਾ ਹੈ, ਸੰਬੰਧਿਤ ਬੈਂਕ-ਮੈਨੇਜਰ ਨੂੰ ਇਸ ਸਮੱਸਿਆ ਸੰਬੰਧੀ ਸ਼ਿਕਾਇਤ ਕਰੋ।

Date: ............ Page No.: ............

ਸੇਵਾ ਵਿਖੇ

ਮਾਨਯੋਗ ਮੈਨੇਜਰ ਸਾਹਿਬ,
ਭਾਰਤੀ ਸਟੇਟ ਬੈਂਕ,
ਸ਼ਾਖਾ ਅਬੋਹਰ।

ਵਿਸ਼ਾ:- ਏ.ਟੀ.ਐੱਮ. ਦੇ ਖ਼ਰਾਬ ਰਹਿਣ ਸੰਬੰਧੀ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਭਾਰਤੀ ਸਟੇਟ ਬੈਂਕ ਦਾ ਜੋ ਏ.ਟੀ.ਐੱਮ. ਬੱਸ-ਅੱਡੇ ਦੇ ਕੋਲ ਹੈ, ਉਹ ਅਕਸਰ ਹੀ ਖ਼ਰਾਬ ਰਹਿੰਦਾ ਹੈ। ਕਈ ਦਫ਼ਾ ਤਾਂ ਬਿਲਕੁਲ ਬੰਦ ਹੀ ਰਹਿੰਦਾ ਹੈ, ਅਕਸਰ ਕਾਰਡ ਪਾਉਣ ਤੇ ਵੀ ਨਹੀ ਚੱਲਦਾ ਜਿਸ ਕਰਕੇ ਇੱਥੇ ਭੀੜ ਲੱਗੀ ਰਹਿੰਦੀ ਹੈ। ਕਈ ਵਾਰ ਗਾਹਕ ਦੇ ਖਾਤੇ ਵਿੱਚੋਂ ਕਟੌਤੀ ਵੀ ਹੋ ਜਾਂਦੀ ਹੈ। ਇਹ ਸਭ ਕੁਝ ਗਾਹਕ ਲਈ ਪਰੇਸ਼ਾਨੀ ਦਾ ਕਾਰਨ ਬਣਦਾ ਹੈ। ਇਹ ਏ.ਟੀ.ਐੱਮ ਬਸ ਅੱਡੇ ਦੇ ਨੇੜੇ ਹੋਣ ਕਰਕੇ ਬਹੁਤ ਲੋਕਾਂ ਨੂੰ ਸਹੂਲਤ ਪ੍ਰਦਾਨ ਕਰਦਾ ਹੈ। ਪਰੰਤੂ ਤਕਨੀਕੀ ਨੁਕਸਾਂ ਕਾਰਨ ਇਹ ਆਮ ਲੋਕਾਂ ਲਈ ਸਿਰਦਰਦੀ ਦਾ ਕਾਰਨ ਇਸ ਲਈ ਬੇਨਤੀ ਹੈ ਕਿ ਲੋਕਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਇਸ ਏ.ਟੀ.ਐੱਮ ਨੂੰ ਤੁਰੰਤ ਠੀਕ ਕੀਤਾ ਜਾਵੇ ਜਾਂ ਬਦਲ ਕੇ ਨਵਾਂ ਲਾਇਆ ਜਾਵੇ। ਉਮੀਦ ਹੈ ਆਪ ਇਸ ਵੱਲ ਤੁਰੰਤ ਧਿਆਨ ਦਿਓਗੇ।

ਧੰਨਵਾਦ ਸਹਿਤ

ਆਪ ਜੀ ਦਾ ਸ਼ੁੱਭਚਿੰਤਕ
ਤਾਜ ਸਿੰਘ ਸੰਧੂ
ਅਬੋਹਰ, ਫ਼ਾਜ਼ਿਲਕਾਂ

ਮਿਤੀ ੧੩ ਜੂਨ ੨੦੨੦

ਤਿਆਰ ਕਰਤਾ:- ਵਤਨ ਸਿੰਘ ਸੰਧੂ 98555-39200

Scanned with CamScanner